# ਸਿੱਖਣ ਦਾ ਇਕ ਵਿਅਕਤੀਗਤ ਪ੍ਰੋਗਰਾਮ

- ਭਾਸ਼ਾ ਦੇ ਸੈਸ਼ਨ ਵਿਦਿਆਰਥੀ ਦੀਆਂ ਲੋੜਾਂ ਅਤੇ ਉਦੇਸ਼ਾਂ ਅਨੁਸਾਰ ਦਿੱਤੇ ਜਾਂਦੇ ਹਨ।
- ਘਰੇ ਪੜ੍ਹਾਉਣ ਵਾਲਾ ਮਾਸਟਰ, ਨਿਊਜ਼ੀਲੈਂਡ ਦੀ ਸ਼ਬਦਾਵਲੀ ਤੋਂ ਲੈ ਕੇ ਵਿਆਕਰਨ ਤੱਕ, ਅੰਗਰੇਜ਼ੀ ਦੇ ਕਿਸੇ ਵੀ ਪੱਖ ਤੇ ਜ਼ੋਰ ਦੇ ਸਕਦਾ ਹੈ।
- ਘਰੇ ਪੜ੍ਹਾਉਣ ਵਿੱਚ ਅਮਲੀ ਕਾਰਜ ਸ਼ਾਮਿਲ ਹਨ, ਜਿਵੇਂ ਕਿ ਕਾਰ ਚਲਾਉਣ ਦਾ ਲਾਈਸੈਂਸ ਲੈਣ ਵਿਚ ਸਹਾਇਤਾ ਜਾਂ ਮੁਲਾਕਾਤ ਨਿਯੁਕਤ ਕਰਨ ਲਈ ਸਹਾਇਤਾ।
- ਮਾਸਟਰ ਸਥਾਨਕ ESOL ਦੀ ਘਰੇ ਪੜ੍ਹਾਉਣ ਦੀ ਸਕੀਮ ਰਾਹੀਂ ਪ੍ਰਦਾਨ ਕੀਤੇ ਸਾਧਨਾ ਦੀ ਚੋਣ ਕਰਨਗੇ ਜਿਨਾਂ ਵਿੱਚ ਸੁਣਨ ਦੀਆਂ ਟੇਪਾਂ, ਕਿਤਾਬਾਂ, ਤਸਵੀਰਾਂ ਅਤੇ ਸਬਕਾਂ ਦੇ ਕਾਗਜ਼-ਪੱਤਰ ਸ਼ਾਮਲ ਹਨ।
- ਮਾਸਟਰਾਂ ਨੂੰ ਉਤਸ਼ਾਹਿਤ ਕੀਤਾ ਜਾਦਾ ਹੈ ਕਿ ਉਹ ਵਿਦਿਆਰਥੀਆਂ ਵਿਚ ਵਿਸ਼ਵਾਸ਼ ਜਗਾਉਣ ਤਾਂ ਜੋ ਉਹ ਪੜ੍ਹਾਈ ਦੇ ਹੋਰ ਮੌਕਿਆਂ ਦੀ ਵਰਤੋਂ ਕਰ ਸਕਣ।



## ਸਾਡੇ ਨਾਲ ਸੰਪਰਕ ਕਰਨਾਂ...

### ਨਵੇਂ ਵਿਦਿਆਰਥੀ

ਕਿਰਪਾ ਕਰਕੇ ਤੁਸੀਂ ਜਾਂ ਤੁਹਾਡਾ ਦੋਸਤ ਜਾਂ ਪਰਵਾਰ ਦਾ ਮੈਂਬਰ ਸਾਨੂੰ ਟੈਲੀਫੋਨ ਕਰੋ, ਜਾਂ ਸਾਡੇ ਦਫਤਰ ਵਿਚ ਆਓ। ਨਵੇਂ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ, ਘਰੇ ਪੜ੍ਹਾਉਣ ਵਾਲੇ ਮਾਸਟਰ ਦਾ ਪ੍ਰਬੰਧ ਕਰਨ ਲਈ, ਤਾਲ-ਮੇਲ ਕਰਨ ਵਾਲਾ ਇੰਟਰਵਿਊ ਦਾ ਪ੍ਰਬੰਧ ਕਰੇਗਾ। ਵੇਰਵੇ ਥੱਲੇ ਹਨ।

### ਨਵੇਂ ਮਾਸਟਰਾਂ ਦਾ ਸੁਆਗਤ ਹੈ

ਜੇਕਰ ਤੁਸੀਂ ਸਵੈਇੱਛੁਕ (ਵਲੰਟੀਅਰ) ESOL ਘਰੇ ਪੜ੍ਹਾਉਣ ਵਾਲੇ ਮਾਸਟਰ ਬਣਨ ਦੀ ਟਰੇਨਿੰਗ ਲੈਣ ਵਿਚ ਦਿਸਚਸਪੀ ਰੱਖਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

ਮਾਸਟਰ ਬਣਨ ਲਈ ਇਹਨਾਂ ਯੋਗਤਾਵਾਂ ਦੀ ਲੋੜ ਹੈ:

- ਅੰਗਰੇਜ਼ੀ ਚੰਗੀ ਤਰਾਂ ਬੋਲ ਅਤੇ ਲਿਖ ਸਕੇ
- ਹਫਤੇ ਵਿਚੋਂ ਕੁਝ ਘੰਟੇ ਦਾ ਸਮਾਂ ਦੇ ਸਕੇ
- ਵੱਖ-ਵੱਖ ਸੱਭਿਆਚਾਰਕ ਪਿਛੋਕੜਾਂ ਤੇ ਹਾਲਾਤਾਂ ਦੇ ਲੋਕਾਂ ਨਾਲ ਮੇਲ ਜੋਲ ਕਰ ਸਕੇ

ਹੋਰ ਸੂਚਨਾਂ ਲਈ (ਵੈਬ-ਸਾਈਟ):

ESOL: ਦੂਸਰੀਆਂ ਭਾਸ਼ਾਵਾਂ ਦੇ ਬੋਲਣ ਵਾਲਿਆਂ ਲਈ ਅੰਗਰੇਜ਼ੀ

# ਇਥੇ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਮੁਸ਼ਕਲ ਵੀ ਹੋ ਸਕਦੀ ਹੈ

Punjabi



## ਖਾਸ ਕਰਕੇ ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ

National Association of
ESOL Home Tutor Schemes Inc.
www.esolht.org.nz

# ਸਹਾਇਤਾ ਲੈਣ ਲਈ ਇਥੇ ਆਓ

## ESOL ਘਰੇ ਪੜ੍ਹਾਉਣ ਦੀਆਂ ਸਕੀਮਾਂ

ਸਾਡੀ ਸੰਸਥਾ ਸਮਾਜ ਆਧਾਰਿਤ ਹੈ, ਜੋ ਕਿ ਨਿਊਜ਼ੀਲੈਂਡ ਵਿੱਚ ਸ਼ਰਨਾਰਥੀਆਂ ਅਤੇ ਪਰਵਾਸੀਆਂ ਦੀ ਅੰਗਰੇਜ਼ੀ ਸਿੱਖਣ ਅਤੇ ਨਵੀਂ ਜਿੰਦਗੀ ਸ਼ੁਰੂ ਕਰਨ ਵਿਚ ਸਹਾਇਤਾ ਕਰਦੀ ਹੈ।

## ਸਾਡੇ ਨਾਲ ਅੰਗਰੇਜ਼ੀ ਕੌਣ ਸਿੱਖ ਸਕਦਾ ਹੈ?

ਕੋਈ ਵੀ ਬਾਲਗ ਜੋ ਕਿ ਅੰਗਰੇਜ਼ੀ-ਨਾਂ-ਬੋਲਣ ਵਾਲੀ ਪਿਛੋਕੜ ਤੋਂ ਨਿਊਜ਼ੀਲੈਂਡ ਵਿੱਚ ਵੱਸਣ ਲਈ ਆਇਆ ਹੋਵੇ, ਅਤੇ ਜਿਸਨੂੰ ਅੰਗਰੇਜ਼ੀ ਵਾਸਤੇ ਅਤੇ ਸਮਾਜ ਵਿਚ ਸਥਾਪਤ ਹੋਣ ਲਈ ਸਹਾਇਤਾ ਦੀ ਲੋੜ ਹੋਵੇ।

ਬਹੁਤ ਸਾਰੇ ਅਜਿਹੇ ਲੋਕ ਹਨ, ਜਿੰਨਾਂ ਨੇ ਆਪਣੇ ਦੇਸ਼ ਵਿਚ ਅੰਗਰੇਜ਼ੀ ਪੜ੍ਹੀ ਹੈ। ਉਹ ਇਸ ਵਿੱਚ ਸੁਧਾਰ ਕਰਨਾਂ ਚਾਹੁੰਦੇ ਹਨ, ਤਾਂ ਕਿ ਉਹ ਕੰਮ ਲੱਭ ਸਕਣ ਅਤੇ ਦੋਸਤ ਬਣਾ ਸਕਣ। ਦੂਸਰਿਆਂ ਲਈ ਅੰਗਰੇਜ਼ੀ ਵਿਚ ਗੱਲਬਾਤ ਕਰਨ ਦੀ ਕੋਸ਼ਿਸ਼ ਕਰਨਾ ਇਕ ਨਵਾਂ ਅਤੇ ਨਿਰ-ਉਤਸ਼ਾਹਿਤ ਕਰਨ ਵਾਲਾ ਤਜਰਬਾ ਹੈ।

ਸਾਡੇ ਮਾਸਟਰ, ਭਾਸ਼ਾ ਬਾਰੇ ਸਹਾਰਾ ਅਤੇ ਦੋਸਤੀ ਪੇਸ਼ ਕਰਕੇ, ਇਸ ਪ੍ਰਕਿਰਿਆ ਨੂੰ ਸੌਖਾ ਬਣਾਉਂਦੇ ਹਨ।






## ਸਾਡੇ ਘਰੇ ਪੜ੍ਹਾਉਣ ਵਾਲੇ ਮਾਸਟਰ ਕੌਣ ਹਨ?

ਸਮਾਜ ਵਿਚੋਂ ਸਵੈਇੱਛੁਕ (ਵਲੰਟੀਅਰ) ਬਾਲਗ, ਸਥਾਨਕ ESOL ਦੀ ਘਰੇ-ਪੜ੍ਹਾਉਣ ਦੇ ਮਾਸਟਰ ਬਣਨ ਦੀ ਸਕੀਮ ਦੁਆਰਾ, ਮਾਸਟਰ ਬਣਨ ਦੀ ਟਰੇਨਿੰਗ ਲੈਂਦੇ ਹਨ। ਇਕ ESOL ਘਰੇ-ਪੜ੍ਹਾਉਣ ਦਾ ਮਾਸਟਰ ਆਪਣੇ ਵਿਦਿਆਰਥੀਆਂ ਦੀ ਅੰਗਰੇਜ਼ੀ ਵਿਚ ਅਤੇ ਆਪਣੇ ਆਪ ਨੂੰ ਨਵੇਂ ਸਮਾਜ ਦਾ ਅੰਗ ਮਹਿਸੂਸ ਕਰਨ ਵਿਚ ਸਹਾਇਤਾ ਕਰਦਾ ਹੈ।

ਵਲੰਟੀਅਰ, ਟਰੇਨਿੰਗ ਕੋਰਸ ਵਿਚ ਹਿੱਸਾ ਲੈਕੇ, ਅੰਗਰੇਜ਼ੀ ਪੜ੍ਹਾਉਣ ਦੀ ਤਿਆਰੀ ਕਰਦੇ ਹਨ। ਇਸ ਟਰੇਨਿੰਗ ਵਿਚ, ਸੱਭਿਆਚਾਰਿਕ ਜਾਣਕਾਰੀ, ਸਿੱਖਣ ਦੇ ਵੱਖ-ਵੱਖ ਢੰਗ ਅਤੇ ਲੋੜਾਂ ਅਤੇ ਰੋਜਾਨਾਂ ਜਿੰਦਗੀ ਵਿਚ ਵਰਤੀ ਜਾਂਦੀ ਅੰਗਰੇਜ਼ੀ ਵਿਚ ਸਹਾਇਤਾ ਕਰਨੀ ਸ਼ਾਮਿਲ ਹੈ।

ਹਰੇਕ ਹਫਤੇ, 2,500 ਤੋਂ ਵੱਧ ਵਿਦਿਆਰਥੀਆਂ ਦੀ ਸਹਾਇਤਾ, ਸਾਡੇ ਮਾਸਟਰਾਂ ਵਲੋਂ ਕੀਤੀ ਜਾਂਦੀ ਹੈ। ਮਾਸਟਰ ਵਿਦਿਆਰਥੀ ਦੇ ਘਰ ਵਿਚ, ਹਫਤਾਵਾਰੀ ਸਬਕ ਦੇਂਦਾ ਹੈ।

**ਅੰਗਰੇਜ਼ੀ ਭਾਸ਼ਾ ਦੀਆਂ ਮੁਹਾਰਤਾਂ ਤੇ ਦੁਬਾਰਾ-ਵਸਣ ਲਈ ਸਹਾਇਤਾ**

## `ਘਰੇ-ਪੜ੍ਹਾਉਣ` ਦੀ ਸਕੀਮ ਦੇ ਫਾਇਦੇ

ਮਾਸਟਰ ਉਥੇ ਸਹਾਇਤਾ ਕਰ ਸਕਦੇ ਹਨ, ਜਿਥੇ ਰਸਮੀ ਅੰਗਰੇਜ਼ੀ ਸਿਖਣ ਦੀਆਂ ਜਮਾਤਾਂ ਉਪਲਬਧ ਨਹੀਂ ਹਨ ਜਾਂ ਵਿਦਿਆਰਥੀ ਲਈ ਠੀਕ ਨਹੀਂ ਹਨ।

ਉਹਨਾਂ ਲੋਕਾਂ ਲਈ, ਜਿਨਾਂ ਕੋਲ ਸ਼ਾਇਦ ਮਾਮੂਲੀ ਰਸਮੀ ਵਿਦਿਆ ਹੈ, ਅਸੀਂ ਸਿਖਣ ਵਾਸਤੇ ਅਰਾਮਦਾਇਕ ਸਥਿਤੀ ਨੂੰ ਯਕੀਨੀ ਬਣਾਉਂਦੇ ਹਾਂ।

ਸਿੱਖਣਾ ਲਚਕਦਾਰ ਹੈ। ਸਬਕ ਦਾ ਸਮਾਂ, ਘਰੇ-ਪੜ੍ਹਾਉਣ ਵਾਲੇ ਮਾਸਟਰ ਅਤੇ ਵਿਦਿਆਰਥੀ ਦੇ ਪਰਵਾਰ ਅਤੇ ਕੰਮ ਨੂੰ ਧਿਆਨ ਵਿੱਚ ਰੱਖਕੇ ਤਹਿ ਕੀਤਾ ਜਾਂਦਾ ਹੈ।

ਮਾਸਟਰ ਤੇ ਵਿਦਿਆਰਥੀ ਦੇ ਦਰਮਿਆਨ, ਕੁਦਰਤੀ ਤੌਰ ਤੇ ਦੋਸਤੀ ਵਧਦੀ ਹੈ ਅਤੇ ਲਾਭਦਾਇਕ ਸਭਿਆਚਾਰਕ ਵਟਾਂਦਰਾ ਸ਼ੁਰੂ ਹੋ ਸਕਦਾ ਹੈ।

ਗਿਆਨ ਵਿਚ ਵਾਧਾ ਕਰਨ ਅਤੇ ਨਿਊਜ਼ੀਲੈਂਡ ਵਿਚ ਜ਼ਿੰਦਗੀ ਦਾ ਅਨੰਦ ਮਾਣਨ ਲਈ ਅਸੀਂ ਸਰਗਰਮੀਆਂ ਪੇਸ਼ ਕਰਦੇ ਹਾਂ।

- ਸਮਾਜਿਕ ਅੰਗਰੇਜ਼ੀ ਇਕੱਠ - ਗੱਲ-ਬਾਤ ਕਰਨ ਦੇ ਅਭਿਆਸ ਲਈ
- ESOL ਪੜ੍ਹਾਈ-ਲਿਖਾਈ ਕਰਨ ਦੀਆਂ ਜਮਾਤਾਂ
- ਖਾਸ ਦਿਲਚਸਪੀ ਦੀਆਂ ਮੰਡਲੀਆਂ
- ਦਿਲਚਸਪ ਥਾਵਾਂ ਦੀਆਂ ਸੈਰਾਂ
- ਬਹੁਤ ਸਾਰੇ ਸੱਭਿਆਚਾਰਾਂ ਦੇ ਇਕੱਠੇ ਦਿਨ-ਤਿਓਹਾਰ ਮਨਾਉਣਾ
- ਮਨੋਰੰਜਨ ਦੇ ਮੌਕੇ
- ਛੋਟੇ ਅਖ਼ਬਾਰ ਪੱਤਰ
- *English For Migrants* (ਪਰਵਾਸੀਆਂ ਲਈ ਅੰਗਰੇਜ਼ੀ) ਪ੍ਰੋਗਰਾਮ, ਓਹਨਾਂ ਪਰਵਾਸੀਆਂ ਲਈ, ਜਿੰਨਾਂ ਨੇ ਨਿਊਜ਼ੀਲੈਂਡ ਵਿੱਚ ਆਉਣ ਤੋਂ ਪਹਿਲਾਂ `ਨਿਊਜ਼ੀਲੈਂਡ ਇੰਮੀਗਰੇਸ਼ਨ ਸਰਵਿਸ` ਨੂੰ ਭਾਸ਼ਾ ਸਿੱਖਣ ਲਈ ਪੈਸੇ ਦਿੱਤੇ ਹਨ। ਇਹ ਹਰ ਇਕ ਦਫ਼ਤਰ ਵਿਚ ਪਰਾਪਤ ਨਹੀਂ ਹੈ।

National Association of
**ESOL Home Tutor Schemes Inc.**